# ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ

ਰਾਜ ਸਿਹਤ ਅਤੇ ਪਰਿਵਾਰ ਭਲਾਈ ਸੰਸਥਾ,

ਫੇਜ਼ 6, ਨੇੜੇ ਸਿਵਲ ਹਸਪਤਾਲ, ਮੋਹਾਲੀ ।

ਫੋਨ :- 0172-2262938,2263938. ਫੋਨ ਅਤੇ ਫੈਕਸ 0172- 2266938

**Visit us at : punjabhealth.co.in : E-mail: phschd@yahoo.com**


***ਨੰਬਰ ਪੀ.ਐਚ.ਐਸ.ਸੀ./ਬੀ.ਐਮ.ਈ./2010/2466-2507*** ***ਮਿਤੀ :19.07.2010***

**ਸੇਵਾ ਵਿਖੇ,**

**ਰਾਜ ਵਿੱਚ ਸਮੂਹ ਸਿਵਲ ਸਰਜ਼ਨ,**
ਸਮੂਹ ਡਿਪਟੀ ਮੈਡੀਕਲ ਕਮਿਸ਼ਨਰ,
ਮੈਡੀਕਲ ਸੁਪਰਡੈਂਟ - ਐਮ.ਕੇ.ਐਚ. ਪਟਿਆਲਾ ਅਤੇ ਸਿਵਲ ਹਸਪਤਾਲ ਜਲੰਧਰ,

**ਵਿਸ਼ਾ : ਮੈਡੀਕਲ ਇਕਉਪਮੈਂਟ ਦੀ ਰਿਪੇਅਰ ਲਈ ਵਿੱਤੀ ਅਧਿਕਾਰ ਦੀ ਸੋਧ ਬਾਰੇ।**

ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਿੱਚ ਸਮੇਂ-ਸਮੇਂ ਤੇ ਯੂਜ਼ਰ ਚਾਰਜਿਸ ਵਿੱਚੋਂ ਮੈਡੀਕਲ ਇਕਉਪਮੈਂਟ ਦੀ ਰਿਪੇਅਰ ਸੰਬੰਧੀ ਹਦਾਇਤਾਂ (Ref.No.PHSC/BME/2000/B-17-634-666, ਮਿਤੀ 07.03.2000) ਜਾਰੀ ਕੀਤੀਆਂ ਗਈਆਂ ਸਨ। ਇਹ ਦਿਸ਼ਾਨਿਰਦੇਸ਼ ਉਸ ਸਮੇਂ ਦਿਤੇ ਗਏ ਸਨ, ਜਦੋਂ ਕਿ ਹਸਪਤਾਲਾਂ ਵਿੱਚ ਜਿਆਦਾ ਇਕਉਪਮੈਂਟ ਉਪਲਬਦ ਨਹੀਂ ਸਨ ਅਤੇ ਯੂਜ਼ਰ ਚਾਰਜਿਸ ਦੀ ਕੁਲੈਕਸ਼ਨ ਵੀ ਘੱਟ ਹੁੰਦੀ ਸੀ। ਹੁਣ ਹਸਪਤਾਲਾਂ ਦੀ ਐਨ.ਆਰ.ਐਚ.ਐਮ. ਦੇ ਫੰਡਾਂ ਰਾਹੀਂ ਅਪਗਰੇਡੇਸ਼ਨ ਕੀਤੀ ਗਈ ਹੈ ਅਤੇ ਆਈ.ਪੀ.ਐਚ.ਐਸ. ਦੇ ਰੂਲਾਂ ਮੁਤਾਬਿਕ ਨਵੇਂ ਇਕਉਪਮੈਂਟ/ ਮਸ਼ੀਨਰੀ ਮੁਹਇਆ ਕਰਵਾਈ ਗਈ ਹੈ, ਜਿਸ ਨਾਲ ਹਸਪਤਾਲਾਂ ਦੇ ਯੂਜ਼ਰ ਚਾਰਜਿਸ ਵਿੱਚ ਕਾਫੀ ਵਾਧਾ ਹੋਇਆ ਹੈ। ਲਗਾਤਾਰ ਮਸ਼ੀਨਰੀ ਅਤੇ ਇਕਉਪਮੈਂਟ ਨੂੰ ਵਰਤਣ ਨਾਲ ਉਨ੍ਹਾਂ ਦੀ ਘਸਾਈ ਅਤੇ ਟੁੱਟ-ਫੁੱਟ ਹੋਣ ਦਾ ਖਦਸਾ ਰਹਿੰਦਾ ਹੈ। ਇਨ੍ਹਾਂ ਮਸ਼ੀਨਾਂ ਨੂੰ ਲਗਾਤਾਰ ਚਲਾਉਣ ਲਈ ਸਲਾਨਾ ਮੇਨਟੀਨੈਂਸ ਅਤੇ ਉਸਦੇ ਰਖ-ਰਖਾਵ ਲਈ ਪਹਿਲਾਂ ਦਿਤੇ ਵਿੱਤੀ ਅਧਿਕਾਰ ਮਸ਼ੀਨਰੀ ਦੀ ਕੀਮਤ ਨੂੰ ਮੁੱਖ ਰਖਦੇ ਹੋਏ ਕਾਫੀ ਘੱਟ ਹਨ, ਹੁਣ ਇਨ੍ਹਾਂ ਅਧਿਕਾਰਾਂ ਦੀ ਹੇਠ ਅਨੁਸਾਰ ਸੋਧ ਕੀਤੀ ਗਈ ਹੈ:

ੳ. ਜਿਹੜੀਆਂ ਮਸ਼ੀਨਾਂ ਦਾ ਸਾਲਾਨਾ ਮੈਨਟੀਨੇਸ ਕਾਨਟਰੇਕਟ ਆਥੋਰਾਇਸਡ ਏਜੇਨਸੀਆਂ ਨਾਲ ਹੋਇਆ ਹੈ ਉਹਨਾਂ ਮਸ਼ੀਨਾਂ ਦਾ ਰੂਟੀਨ ਚੇਕਅਪ (Preventive Maintenance Service) ਤੋਂ ਇਲਾਵਾ ਕਿਸੇ ਪੁਰਜ਼ੇ ਨੂੰ ਤਬਦੀਲ ਕਰਨ ਦੀ ਜਰੂਰਤ ਪੈਂਦੀ ਹੈ ਤਾਂ ਉਸ ਪੁਰਜ਼ੇ ਨੂੰ ਬਦਲਣ ਲਈ ਵਿੱਤੀ ਅਧਿਕਾਰ ਇਸ ਤਰਾਂ ਹੋਣਗੇ :

1. ਐਸ.ਐਮ.ੳ. ਇਨਚਾਰਜ ਕੰਪਨੀ ਦੇ ਆਣ ਜਾਣ ਅਤੇ ਚੈਕਿਗ ਦੇ ਖਰਚੇ ਤੋਂ ਇਲਾਵਾ **10,000/-** ਰੁਪਏ ਤੱਕ ਦੇ ਅਨੁਮਾਨਿਤ ਖਰਚੇ ਨੂੰ ਕੰਪਨੀ ਦੇ ਪਰਵਾਨਿਤ ਰੇਟਾਂ ਅਨੁਸਾਰ ਕਰਵਾ ਸਕਦੇ ਹਨ ।
2. ਡੀ.ਐਮ.ਸੀ ਖਰਾਬ ਇਕਉਪਮੈਟ ਦੇ ਅਨੁਮਾਨਿਤ ਖਰਚੇ ਨੂੰ ਕੰਪਨੀ ਵਲੋਂ ਪਰਵਾਨਿਤ ਰੇਟਾਂ ਮੁਤਾਬਿੱਕ ਵਧੱ ਤੋਂ ਵਧੱ **25,000/-** ਰੁਪਏ ਤੱਕ ਕਰਵਾ ਸਕਦੇ ਹਨ ।
3. ਸਿਵਲ ਸਰਜਨ/ ਮੈਡੀਕਲ ਸੁਪਰਡੈਂਟ ਖਰਾਬ ਇਕਉਪਮੈਟ ਦੇ ਅਨੁਮਾਨਿਤ ਖਰਚੇ ਨੂੰ ਕੰਪਨੀ ਵਲੋਂ ਪਰਵਾਨਿਤ ਰੇਟਾਂ ਮੁਤਾਬਿੱਕ ਵੱਧ ਤੋਂ ਵੱਧ **50,000/-** ਰੁਪਏ ਤੱਕ ਕਰਵਾ ਸਕਦੇ ਹਨ।
4. ਕੰਪਨੀ ਵਲੋਂ ਖਰਾਬ ਇਕਉਪਮੈਟ ਲਈ ਅਨੁਮਾਨਿਤ ਖਰਚਾ **50,000/-** ਰੁਪਏ ਤੋਂ ਵੱਧ ਹੋਵੇ ਤਾਂ ਇਸ ਦੇ ਅਖਤੀਆਰ ਪ੍ਰਬੰਦਕੀ ਨਿਰਦੇਸ਼ਕ ਜੀ ਪਾਸ ਹੀ ਹੋਣਗੇ ।

ਅ. ਜਿਹੜੇ ਇਕਉਪਮੈਟ ਸਾਲਾਨਾ ਮੈਨਟੀਨੇਸ ਦੇ ਤਹਿਤ ਨਹੀ ਆਉਂਦੇ, ਉਹਨਾਂ ਨੂੰ ਠੀਕ ਕਰਵਾਉਣ ਦੇ ਤਰੀਕੇ ਬਾਰੇ ਸ਼ਪਸ਼ਟ ਕੀਤਾ ਜਾਂਦਾ ਹੈ ਕਿ ਖਰਾਬ ਹੋਏ ਇਕਉਪਮੈਟ ਦੀ ਜਾਂਚ ਬਾਰੇ ਪਹਿਲ ਉਸ ਦੇ ਅਸਲ ਮੈਨੂਫੈਕਚਰਰ/ਆਥੋਰਾਇਸਡ ਕੰਪਨੀ ਪਾਸੋ ਕਰਵਾਈ ਜਾਣੀ ਚਾਹੀਦੀ ਹੈ। ਜੇਕਰ ਅਸਲ ਮੈਨੂਫੈਕਚਰਰ/ਆਥੋਰਾਇਸਡ ਕੰਪਨੀ ਨਹੀਂ ਮਿਲਦੀ ਤਾਂ ਖਰਾਬ ਇਕਉਪਮੈਟ ਦੀ ਜਾਂਚ ਐਸ.ਐਮ.ੳ. ਵਲੋਂ ਗਠਿੱਤ ਲੋਕਲ ਕਮੇਟੀ ਅਨੁਸਾਰ ਲੋਕਲ ਮਾਰਕਿਟ ਵਿਚੋਂ ਘੱਟੋ ਘੱਟ ਤਿੰਨ ਕੁਟੇਸ਼ਨਾਂ ਮੰਗਵਾ ਕੇ ਉਹਨਾਂ ਵਿਚੋਂ ਘੱਟ ਰੇਟ ਵਾਲੀ ਕੰਪਨੀ ਤੋਂ ਕਰਵਾਈ ਜਾਵੇ ਅਤੇ ਇਹਨਾਂ ਸੰਬੰਧੀ ਵਿੱਤੀ ਅਧਿਕਾਰ ਉਕਤ ਦਸੀ ਸੋਧ

ਅਨੁਸਾਰ ਇਕਉਪਮੈਟ ਨੂੰ ਠੀਕ ਕਰਵਾਇਆ ਜਾਵੇ ਅਤੇ ਨਾਲ ਹੀ ਉਸ ਕੰਪਨੀ ਤੋਂ ਠੀਕ ਕਰਵਾਉਣ ਉਪਰੰਤ ਵੱਧ ਤੋਂ ਵੱਧ ਸਮੇਂ ਦੀ ਵਾਰੰਟੀ/ਗਰੰਟੀ ਵੀ ਲਈ ਜਾਵੇ ।

ੲ. ਖਰਾਬ ਹੋਏ ਇਕਉਪਮੈਟ ਦਾ ਅਨੁਮਾਨਿਤ ਖਰਚਾ ਜੇਕਰ 2,000 ਰੁਪਏ ਤੋਂ ਘੱਟ ਹੁੰਦਾ ਹੈ, ਤਾਂ ਐਸ.ਐਮ.ਓ. ਆਪਣੇ ਪਧੱਰ ਤੇ ਬਿੰਨਾ ਕੁਟੇਸ਼ਨ ਲਏ ਕਰਵਾ ਸਕਦੇ ਹਨ ।

**<u>ਆਮ ਹਦਾਇਤਾਂ :</u>**

ੳ. ਕਿਸੇ ਵੀ ਖਰਾਬ ਇਕਉਪਮੈਟ ਨੂੰ ਲੋਕਲ ਮਾਰਕਿਟ ਵਿਚੋਂ ਠੀਕ ਕਰਵਾਉਣ ਤੋਂ ਪਹਿਲਾਂ ਉਸ ਨੂੰ ਪੀ.ਐਚ.ਐਸ.ਸੀ ਵਲੋਂ ਬਣਾਈਆਂ ਗਈਆਂ ਤਿੰਨ ਡਿਵਿਜ਼ਨਲ ਵਰਕਸ਼ਾਪ ਤੋਂ ਇਹ ਤਸਦੀਕ ਕਰਵਾ ਲਿਆ ਜਾਵੇ ਕਿ ਉਹ ਇਕਉਪਮੈਟ ਡਿਵਿਜ਼ਨਲ ਵਰਕਸ਼ਾਪ ਵਲੋਂ ਰਿਪੇਅਰ ਨਹੀਂ ਹੋ ਸਕਦਾ ।

ਅ. ਜਿਹੜਾ ਇਕਉਪਮੈਟ ਡਾਕਟਰ ਵਰਤ ਰਹੇ ਹਨ, ਖਰਾਬ ਹੋਣ ਉਪਰੰਤ, ਉਸ ਦੀ ਸੂਚਨਾ ਤੁਰੰਤ ਐਸ.ਐਮ.ਓ ਨੂੰ ਦੇਣਗੇ, ਅਤੇ ਐਸ.ਐਮ.ਓ ਉਸ ਇਕਉਪਮੈਟ ਨੂੰ 24 ਘੰਟਿਆਂ ਵਿੱਚ ਠੀਕ ਕਰਵਾਉਣ ਲਈ ਉਪਰਾਲੇ ਕਰਨਗੇ।

e. ਹਸਪਤਾਲਾਂ ਵਿੱਚ ਪਏ ਸਾਰੇ ਇਕਉਪਮੈਂਟ ਵਰਤੋਂ ਵਿੱਚ ਹੋਣੇ ਚਾਹੀਦੇ ਹਨ ਅਤੇ ਹਰ ਇਕ ਇਕਉਪਮੈਂਟ ਡਾਕਟਰ ਜਾਂ ਟਕਨਿਸ਼ੀਅਨ ਦੀ ਨਿਗਰਾਨੀ ਹੇਠ ਹੀ ਵਰਤੇ ਜਾਣੇ ਚਾਹੀਦੇ ਹਨ, ਇਹਨਾਂ ਮਸ਼ੀਨਾਂ ਨੂੰ ਚਲਦੀ ਹਾਲਤ ਵਿੱਚ ਰਖੱਣ ਲਈ ਸੰਬੰਧਿਤ ਡਾਕਟਰ ਜਾਂ ਟਕਨੀਸ਼ੀਅਨ ਦੀ ਜ਼ਿੰਮੇਵਾਰੀ ਨਿਯਤ ਹੋਣੀ ਚਾਹੀਦੀ ਹੈ ।

s. ਨਾਜ਼ੁਕ ਅਤੇ ਵੱਡੀ ਮਸ਼ੀਨਰੀ ਲਈ ਲੌਗ ਬੁਕਸ ਲਗੀਆਂ ਹੋਣੀਆਂ ਚਾਹੀਦੀਆਂ ਹਨ ।

h. ਨਾ ਠੀਕ ਹੋਣ ਵਾਲੀ ਮਸ਼ੀਨਰੀ ਜਾਂ ਨਾ ਵਰਤੋਂ ਯੋਗ ਮਸ਼ੀਨਰੀ ਜਿਹੜੀ ਕਿ ਬਹੁਤ ਪੁਰਾਣੀ ਹੋ ਚੁਕੀ ਹੋਵੇ, ਜਲਦ ਹੀ ਯੋਗ ਕਾਰਵਾਹੀ ਕਰਨ ਉਪਰੰਤ (ਪੀ.ਐਚ.ਐਸ.ਸੀ. ਦੀ ਗਾਇਡਲਾਇਨਸ ਮੁਤਾਬਕ) ਕੰਡਮ ਕਰਵਾ ਲੈਣੀ ਚਾਹੀਦੀ ਹੈ ।

k. ਹਸਪਤਾਲ ਵਿਚ ਸਾਰੇ ਇਕਉਪਮੈਂਟ ਸਾਫ ਸੁਥਰੇ ਰਖਣ ਅਤੇ ਚੂਹੇ, ਜੀਵ ਜੰਤੂਆਂ ਤੋਂ ਬਚਾਉਣ ਲਈ ਖਾਸ ਪ੍ਰਬੰਧ ਕੀਤੇ ਜਾਣੇ ਚਾਹਿਦੇ ਹਨ ।

K. ਸਾਰੇ ਇਕਉਪਮੈਂਟ ਤਜਰਬੇਦਾਰ ਸਟਾਫ/ਡਾਕਟਰ ਦੀ ਦੇਖਭਾਲ ਵਿੱਚ ਵਰਤੇ ਜਾਣੇ ਚਾਹੀਦੇ ਹਨ ਅਤੇ ਜਦੋਂ ਇਕਉਪਮੈਂਟ ਵਰਤਿਆ ਜਾਵੇ ਤਾਂ ਸਟਾਫ/ਡਾਕਟਰ ਉਸ ਇਕਉਪਮੈਂਟ ਕੋਲ ਉਪਲਬਧ ਹੋਣਾ ਅਤਿ ਜਰੂਰੀ ਹੈ ।

ਗ. ਹਸਪਤਾਲ ਵਿਚ ਇਲੈਕਟ੍ਰਿਕ ਅਰਥਿੰਗ ਦਾ ਹੋਣਾ ਵੀ ਜਰੂਰੀ ਹੈ ਅਤੇ ਕੋਈ ਵੀ ਖੁਲਾ ਇਲੈਕਟ੍ਰਿਕਲ ਕਨੈਕਸ਼ਨ ਜਾਂ ਖੁਲੀਆਂ ਤਾਰਾਂ ਲਟਕਦੀਆਂ ਨਹੀਂ ਹੋਣੀਆਂ ਚਾਹੀਦੀਆਂ ।

ਘ. ਕੋਈ ਵੀ ਇਕਉਪਮੈਂਟ ਦੀ ਵਰਤੋਂ ਤੋਂ ਪਹਿਲਾਂ ਉਸ ਦੀ ਜਾਂਚ ਹੋਣੀ ਅਤਿ ਜਰੂਰੀ ਹੈ ।

ਚ. ਸਾਰੇ ਹਸਪਤਾਲਾਂ ਵਿਚ ਸੀਨੀਅਰ ਮੈਡੀਕਲ ਅਫਸਰ ਦੇ ਨਾਲ-ਨਾਲ ਸੰਬੰਧਿਤ ਫਾਰਮਾਸਿਸਟ ਦੀ ਜਿੰਮੇਵਾਰੀ ਨਿਸ਼ਚਿਤ ਹੋਣੀ ਚਾਹੀਦੀ ਹੈ ਕਿ ਉਹ ਹਰ ਇਕਉਪਮੈਂਟ ਨੂੰ ਚਲਦੀ ਹਾਲਤ ਵਿਚ ਰਖਣ ਅਤੇ ਜਦੋਂ ਕੋਈ ਇਕਉਪਮੈਂਟ ਖਰਾਬ ਹੋ ਜਾਦਾਂ ਹੈ ਤਾਂ ਉਸਨੂੰ ਜਲਦ ਹੀ ਠੀਕ ਕਰਵਾਉਣਾ ਉਹਨਾਂ ਦੀ ਉਚਿਤ ਜਿੰਮੇਵਾਰੀ ਬਣ ਜਾਂਦੀ ਹੈ । ਜਿਹੜਾ ਇਕਉਪਮੈਂਟ ਕਿਸੀ ਵਜਾਹ ਕਾਰਨ ਵਰਤੋਂ ਵਿੱਚ ਨਹੀਂ ਆ ਰਿਹਾ ਉਸਨੂੰ ਵਰਤੋਂ ਵਿੱਚ ਲਿਆਉਣ ਲਈ ਉਚਿਤ ਉਪਰਾਲੇ ਕਰਨ ਉਪਰੰਤ ਉਸ ਨੂੰ ਵਰਤੋਂ ਵਿਚ ਲਿਆਉਣਾ ਵੀ ਉਹਨਾਂ ਦੀ ਹੀ ਜਿੰਮੇਵਾਰੀ ਬਣ ਜਾਂਦੀ ਹੈ ਅਤੇ ਉਹਨਾਂ ਨੂੰ ਆਪਣੀ ਜਿੰਮੇਵਾਰੀ ਸੁਚਜੇ ਢੰਗ ਨਾਲ ਨਿਭਾਉਣੀ ਚਾਹੀਦੀ ਹੈ ।

ਉਕਤ ਸੋਧ ਮੈਨੇਜਿੰਗ ਡਾਇਰੈਕਟਰ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਮੁਹਾਲੀ ਜੀ ਦੀ ਪ੍ਰਵਾਨਗੀ ਉਪਰੰਤ ਕੀਤੀ ਜਾ ਰਹੀ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਦੀ ਕਾਪੀ ਸੰਬੰਧਿਤ ਪੀ.ਐਚ.ਐਸ.ਸੀ. ਹਸਪਤਾਲਾਂ ਦੇ ਮੁੱਖੀਆਂ ਨੂੰ ਭੇਜ ਦਿਤੀ ਜਾਵੇ ।

**ਡਾਇਰੈਕਟਰ**
**ਵਾ: ਮੈਨੇਜਿੰਗ ਡਾਇਰੈਕਟਰ**

**ਉਤਾਰਾ:**

1. ਚੇਅਰਮੈਨ, ਪੀ.ਐਚ.ਐਸ.ਸੀ., ਮੋਹਾਲੀ ਨੂੰ ਸੂਚਨਾ ਹਿੱਤ।
2. ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਨੂੰ ਸੂਚਨਾ ਹਿੱਤ।
3. ਮੈਨੇਜਿੰਗ ਡਾਇਰੈਕਟਰ, ਪੀ.ਐਚ.ਐਸ.ਸੀ. ਨੂੰ ਸੂਚਨਾ ਹਿੱਤ।
4. ਡਾਇਰੈਕਟਰ,ਸਿਹਤ ਤੇ ਪਰਿਵਾਰ ਭਲਾਈ ਨੂੰ ਸੂਚਨਾ ਹਿੱਤ।
5. ਡਾਇਰੈਕਟਰ, ਪੀ.ਐਚ.ਐਸ.ਸੀ ਨੂੰ ਸੂਚਨਾ ਹਿੱਤ।
6. ਜਨਰਲ ਮੈਨੇਜਰ (ਵਿੱਤ ਅਤੇ ਲੇਖਾ ), ਪੀ.ਐਚ.ਐਸ.ਸੀ ਨੂੰ ਸੂਚਨਾ ਹਿੱਤ।
7. ਮਹਾਲੇਖਾਕਾਰ, ਪੰਜਾਬ (ਆਡਿਟ), ਚੰਡੀਗੜ੍ਹ ਨੂੰ ਸੂਚਨਾ ਹਿੱਤ।
8. ਮੁੱਖ ਦਫਤਰ, ਪੀ.ਐਚ.ਐਸ.ਸੀ. ਦੇ ਸਮੂਹ ਅਧਿਕਾਰੀਆਂ ਨੂੰ ਸੂਚਨਾ ਹਿੱਤ।